## 17th Meeting of the Working Mechanism for Consultation & Coordination on India-China Border Affairs

July 24, 2020

## ਭਾਰਤ-ਚੀਨ ਸਰਹੱਦੀ ਮਾਮਲਿਆਂ ਬਾਰੇ ਸਲਾਹ-ਮਸ਼ਵਰੇ ਅਤੇ ਤਾਲਮੇਲ ਕਾਰਜ ਤੰਤਰ ਦੀ 17ਵੀਂ ਬੈਠਕ

24 ਜੁਲਾਈ, 2020

1. ਭਾਰਤ-ਚੀਨ ਸਰਹੱਦੀ ਮਾਮਲਿਆਂ ਬਾਰੇ ਸਲਾਹ ਅਤੇ ਤਾਲਮੇਲ ਕਾਰਜ ਤੰਤਰ (WMCC) ਦੀ 17ਵੀਂ ਬੈਠਕ 24 ਜੁਲਾਈ, 2020 ਨੂੰ ਹੋਈ। ਭਾਰਤੀ ਵਫ਼ਦ ਦੀ ਅਗਵਾਈ ਵਿਦੇਸ਼ ਮੰਤਰਾਲੇ ਦੇ ਸੰਯੁਕਤ ਸਕੱਤਰ (ਪੂਰਬ ਏਸ਼ੀਆ) ਨੇ ਕੀਤੀ, ਜਦਕਿ ਚੀਨੀ ਵਫਦ ਦੀ ਅਗਵਾਈ ਚੀਨੀ ਵਿਦੇਸ਼ ਮਾਮਲਿਆਂ ਦੇ ਮੰਤਰਾਲੇ ਦੇ ਸਰਹਦ ਅਤੇ ਸਮੁੰਦਰੀ ਵਿਭਾਗ ਦੇ ਮਹਾਨਿਦੇਸ਼ਕ ਨੇ ਕੀਤੀ।

2. ਦੋਵਾਂ ਧਿਰਾਂ ਨੇ ਭਾਰਤ-ਚੀਨ ਸਰਹੱਦੀ ਖੇਤਰਾਂ ਦੇ ਹਾਲਾਤ ਅਤੇ ਪੱਛਮੀ ਸੈਕਟਰ ਅੰਦਰ ਅਸਲ ਕੰਟਰੋਲ ਰੇਖਾ (LAC) 'ਤੇ ਚੱਲ ਰਹੀ ਡਿਸਇੰਗੇਜਮੈਂਟ ਦੀ ਪ੍ਰਕਿਰਿਆ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਇਸ ਗੱਲ 'ਤੇ ਸਹਿਮਤੀ ਪ੍ਰਗਟਾਈ ਕਿ ਦੁਵੱਲੇ ਸਮਝੌਤੇ ਅਤੇ ਪ੍ਰੋਟੋਕਾਲਾਂ ਅਨੁਸਾਰ ਅਸਲ ਕੰਟਰੋਲ ਰੇਖਾ (LAC) 'ਤੇ ਫੌਜਾਂ ਦੀ ਜਲਦੀ ਅਤੇ ਪੂਰਨ ਡਿਸਇੰਗੇਜਮੈਂਟ ਅਤੇ ਡੀ-ਐਸਕੇਲੇਸ਼ਨ ਅਤੇ ਦੁਵੱਲੇ ਸੰਬੰਧਾਂ ਦੇ ਬਿਨਾ ਕਿਸੇ ਅੜਚਨ ਦੇ, ਬਹੁਪੱਖੀ ਵਿਕਾਸ ਲਈ ਅਮਨ-ਸ਼ਾਂਤੀ ਦੀ ਪੂਰਨ ਬਹਾਲੀ ਜ਼ਰੂਰੀ ਹੈ। ਦੋਨਾਂ ਧਿਰਾਂ ਨੇ ਕਿਹਾ ਕਿ ਇਹ 5 ਜੁਲਾਈ, 2020 ਨੂੰ ਹੋਈ ਦੋਵਾਂ ਵਿਸ਼ੇਸ਼ ਨੁਮਾਇੰਦਿਆਂ (SRs) ਵਿਚਾਲੇ ਹੋਏ ਸਮਝੌਤੇ ਦੇ ਅਨੁਸਾਰ ਹੈ। ਉਨ੍ਹਾਂ ਨੇ ਇਸ ਬਾਰੇ ਸਹਿਮਤੀ ਦਿੱਤੀ ਕਿ ਦੋਵੇਂ ਧਿਰਾਂ ਲਈ ਹੁਣ ਤੱਕ ਸੀਨੀਅਰ ਕਮਾਂਡਰਾਂ ਦੀਆਂ ਬੈਠਕਾਂ ਦੌਰਾਨ ਹੋਈ ਸਹਿਮਤੀ ਨੂੰ ਇਮਾਨਦਾਰੀ ਨਾਲ ਲਾਗੂ ਕਰਨਾ ਜ਼ਰੂਰੀ ਹੈ। ਦੋਵਾਂ ਪੱਖਾਂ ਨੇ ਇਸ ਗੱਲ 'ਤੇ ਸਹਿਮਤੀ ਦਿੱਤੀ ਕਿ ਸੀਨੀਅਰ ਕਮਾਂਡਰਾਂ ਦੀ ਇਕ ਹੋਰ ਜਲਦੀ ਮੀਟਿੰਗ ਹੋ ਸਕਦੀ ਹੈ ਤਾਂ ਜੋ ਸਰਹੱਦੀ ਇਲਾਕਿਆਂ ਵਿਚ ਤੇਜ਼ੀ ਨਾਲ ਪੂਰਨ ਡਿਸਏੰਗੇਜਮੈਂਟ ਅਤੇ ਡੀ-ਐਸਕੇਲੇਸ਼ਨ ਅਤੇ ਅਮਨ ਸ਼ਾਂਤੀ ਦੀ ਮੁੜ ਬਹਾਲੀ ਨੂੰ ਯਕੀਨੀ ਬਣਾਉਣ ਲਈ ਅੱਗੇ ਚੁੱਕੇ ਜਾਣ ਵਾਲੇ ਕਦਮਾਂ ਬਾਰੇ ਫੈਸਲਾ ਕੀਤਾ ਜਾ ਸਕੇ।

3. ਦੋਵਾਂ ਪੱਖਾਂ ਨੇ WMCC ਦੀਆਂ ਬੈਠਕਾਂ ਸਮੇਤ ਕੂਟਨੀਤਿਕ ਅਤੇ ਫੌਜੀ, ਦੋਨਾਂ ਪੱਧਰਾਂ 'ਤੇ ਆਪਣੀ ਵਰਤਮਾਨ ਗੱਲਬਾਤ ਨੂੰ ਬਰਕਰਾਰ ਰੱਖਣ 'ਤੇ ਵੀ ਸਹਿਮਤੀ ਪ੍ਰਗਟਾਈ.

ਨਵੀਂ ਦਿੱਲੀ
24 ਜੁਲਾਈ, 2020

DISCLAIMER : This is an approximate translation. The original is available in English on MEA's website and may be referred to as the official press release.